ਕਲਾਸ 12ਵੀਂ

Religion (DA)

2022-23

# ਮਾਡਲ ਟੈਸਟ ਪੇਪਰ

ਸਮਾਂ: 3 ਘੰਟੇ　　　　　　　　　　　　　　　　　　　　　　　　ਥਿਊਰੀ: 80 ਅੰਕ

1. ਸਾਰੇ ਪ੍ਰਸ਼ਨ ਲਾਜ਼ਮੀ ਹਨ।
2. ਪ੍ਰਸ਼ਨ ਪੱਤਰ 3 ਭਾਗਾਂ (ੳ,ਅ,ੲ) ਵਿੱਚ ਹੈ।

## ਭਾਗ-ੳ

25×2=50

### ਵਸਤੂਨਿਸ਼ਠ ਪ੍ਰਸ਼ਨ

### ਬਹੁਵਿਕਲਪੀ ਪ੍ਰਸ਼ਨ

1. ਰੁਦਰ ਕਿਸ ਦੇ ਦੇਵਤਾ ਸੀ?

   (ੳ) ਸੋਮ (ਅ) ਅੱਗ (ੲ) ਤੁਫ਼ਾਨ (ਸ) ਮੀਂਹ

2. ਸਿੰਧੂ ਘਾਟੀ ਸਭਯੱਤਾ ਵਿੱਚ ਕਿਸ ਨੂੰ ਦੇਵਤਾ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ?

   (ੳ) ਇੰਦਰ (ਅ) ਵਿਸ਼ਣੂ (ੲ) ਵਰੁਣ (ਸ) ਸ਼ਿਵ

3. ਪ੍ਰਕਾਸ਼ ਦੇ ਦੇਵਤਾ ਕੌਣ ਹਨ?

   (ੳ) ਵਰੁਣ (ਅ) ਭਗਵਾਨ ਸ਼ਿਵ (ੲ) ਸੂਰਜ (ਸ) ਵਿਸ਼ਣੂ

4. ਮਹਾਤਮਾ ਬੁੱਧ ਦੇ ਪਿਤਾ ਕੌਣ ਸਨ?

   (ੳ) ਸਿਧਾਰਥ (ਅ) ਆਸਿਤ (ੲ) ਗੌਤਮ (ਸ) ਸ਼ਧੋਧਨ

5. ਬੁਧ ਸਾਹਿਤ ਕਿਸ ਭਾਸ਼ਾ ਵਿੱਚ ਲਿਖਿਆ ਗਿਆ?

   (ੳ) ਹਿੰਦੀ (ਅ) ਅੰਗਰੇਜ਼ੀ (ੲ) ਪੰਜਾਬੀ (ਸ) ਪੱਲੀ

6. ਪ੍ਰਥਵੀ ਚੰਦ ਕੌਣ ਸਨ?

   (ੳ) ਗੁਰੂ ਅਰਜਨ ਦੇਵ ਜੀ ਦੇ ਭਰਾ (ਅ) ਬਾਬਾ ਬੁੱਢਾ ਜੀ ਦੇ ਭਰਾ

   (ੲ) ਮਿਯਾਂ ਮੀਰ ਜੀ ਦੇ ਭਰਾ (ਸ) ਚੰਦੂ ਸ਼ਾਹ ਦੇ ਭਰਾ

7. ਕਿਸ ਗੁਰੂ ਸਾਹਿਬ ਜੀ ਨੇ ਮੀਰੀ-ਪੀਰੀ ਦੀ ਨੀਤੀ ਅਪਣਾਈ?

   (ੳ) ਗੁਰੂ ਹਰਗੋਬਿੰਦ ਜੀ　　(ਅ) ਗੁਰੂ ਗੋਬਿੰਦ ਸਿੰਘ ਜੀ

   (ੲ) ਗੁਰੂ ਤੇਗ ਬਹਾਦੁਰ ਜੀ　　(ਸ) ਗੁਰੂ ਅਰਜਨ ਦੇਵ ਜੀ

8. ਵੇਦ ਕਿੰਨੇ ਹਨ?

(ੳ) 6 (ਅ) 5 (ੲ) 3 (ਸ) 4

9. ਵਰਖਾ ਦੇ ਦੇਵਤਾ

(ੳ) ਇੰਦਰ (ਅ) ਵਰੁਣ (ੲ) ਸੋਮ (ਸ) ਵਿਸ਼ਣੂ

ਇੱਕ ਸ਼ਬਦ ਵਾਲੇ ਪ੍ਰਸ਼ਨ

10. 1028 ਸੁਕੱਤ ਕਿਸ ਵੇਦ ਵਿੱਚ ਸ਼ਾਮਿਲ ਹਨ?

11. ਜੰਗਲਾਂ ਵਿੱਚ ਬੈਠ ਕੇ ਕਿਹੜੇ ਗ੍ਰੰਥ ਲਿਖੇ ਗਏ?

12. ਭਾਗਵੱਦਗੀਤਾ ਵਿੱਚ ਕਿੰਨੇ ਸ਼ਲੋਕ ਹਨ?

13.ਆਦਿ ਗ੍ਰੰਥ ਸਾਹਿਬ ਦਾ ਸੰਕਲਨ ਕਦੋਂ ਹੋਇਆ ਸੀ?

14.ਆਦਿ ਗ੍ਰੰਥ ਸਾਹਿਬ ਦਾ ਸੰਕਲਨ ਕਿਹਨਾਂ ਨੇ ਕਿਤਾ ਸੀ?

15.ਕਿਰਤਨ ਸੋਹਿਲਾ ਪਾਠ ਕਦੋਂ ਕਿੱਤਾ ਜਾਂਦਾ ਹੈ?

16. ਮਨੁਸਮਰਿਤੀ ਦੇ ਅਨੁਸਾਰ ਆਸ਼ਰਮ ਕਿੰਨੇ ਹਨ?

17.ਜਪੁਜੀ ਸਾਹਿਬ ਪਾਠ ਕਦੋਂ ਕਿੱਤਾ ਜਾਂਦਾ ਹੈ?

18.ਗਰੁੜ ਪੁਰਾਣ ਵਿੱਚ ਕਿੰਨੇ ਸ਼ਲੋਕ ਹਨ?

ਖਾਲੀ ਥਾਵਾਂ ਭਰੋ

19. ____________ਜੈਨ ਧਰਮ ਵਿੱਚ ਤਿੰਨ ਰਤਨਾਂ ਦੇ ਨਾਮ ਨਾਲ ਜਾਣਿਆ ਜਾਂਦਾ ਹੈ।

20. ਮਹਾਤਮਾ ਬੁੱਧ ਦੇ ਪੁੱਤਰ ਦਾ ਨਾਂ ____________ਰੱਖਿਆ ਗਿਆ।

21.ਸਿੱਖ ਰਹਿਤ ਮਰਿਯਾਦਾ ਦਾ ਮੂਲ ਸੋਮਾ ____________ਹੈ।

22. ਜੈਨਮਤ ਅਨੁਸਾਰ ਆਤਮਾ ਨੂੰ ਕਰਮਾਂ ਦੇ ਬੰਧਨ ਤੋਂ ਛੁਟਕਾਰੇ ਦਾ ਨਾਂ ਹੈ ____________।

ਸਹੀ/ਗਲਤ ਲਿਖੋ

23. 'ਸੱਚਾ ਰਾਹ' ਬੁਧਮਤ ਦੇ ਅਸ਼ਟ ਮਾਰਗ ਵਿੱਚ ਸ਼ਾਮਿਲ ਹੈ। ()

24. ਜੈਨ ਧਰਮ ਵਿੱਚ ਅੱਠ ਪ੍ਰਕਾਰ ਦੇ ਅਲੰਕਾਰ ਦਾ ਜ਼ਿਕਰ ਹੈ। ()

25. ਸਿੱਖ ਜੀਵਨ ਜਾਚ ਅਨੁਸਾਰ ਸ੍ਰਿਸਟੀ ਦਾ ਪ੍ਰਬੰਧ ਪਰਮਾਤਮਾ ਦੇ ਹੁਕਮ ਨਾਲ ਚਲ ਰਿਹਾ ਹੈ। ()

## ਭਾਗ-ਅ

5×3=15

ਛੋਟੇ ਉੱਤਰਾਂ ਵਾਲੇ ਪ੍ਰਸ਼ਨ 30-35 ਸ਼ਬਦਾਂ ਵਿੱਚ ਉੱਤਰ ਲਿਖੋ:

26. ਸਿੰਧੂ ਘਾਟੀ ਸਭਿਅਤਾ ਦੇ ਲੋਕ ਕਿਹੜੇ-ਕਿਹੜੇ ਢੰਗ ਨਾਲ ਮ੍ਰਿਤੂ ਸੰਸਕਾਰ ਕਰਦੇ ਸਨ?

27. ਬੁੱਧ ਧਰਮ ਦੀ ਉਤਪੱਤੀ ਸਬੰਧੀ ਕੋਈ ਤਿੰਨ ਕਾਰਨ ਲਿਖੋ।

28. ਆਦਿ ਗ੍ਰੰਥ ਦਾ ਸੰਕਲਨ ਕਿਉਂ ਕੀਤਾ ਗਿਆ?

29. ਨਾਰਦ ਪੁਰਾਣ ਵਿੱਚ ਕਿਹੜਾ ਵਿਸ਼ਾ ਪ੍ਰਗਟਾਇਆ ਗਿਆ ਹੈ?

30. ਜੈਨ ਧਰਮ ਅਨੁਸਾਰ ਅਹਿੰਸਾ ਕੀ ਹੈ?

ਭਾਗ-ੲ (100% ਵਿਕਲਪ) $3\times5=15$

31. ਗੁਰੂ ਨਾਨਕ ਦੇਵ ਜੀ ਦੀ ਪਹਿਲੀ ਉਦਾਸੀ ਬਾਰੇ ਤੁਸੀਂ ਕੀ ਜਾਣਦੇ ਹੋ?

ਜਾਂ

ਬੁਧ ਮਤ ਦੀਆਂ ਚਾਰ ਸਚਾਈਆਂ ਬਾਰੇ ਜਾਣਕਾਰੀ ਦਿਉ।

32. ਗੁਰੂ ਗ੍ਰੰਥ ਸਾਹਿਬ ਜੀ ਦੀਆਂ ਤੰਨ ਵਿਸ਼ੇਸ਼ਤਾਵਾਂ ਲਿਖੋ।

ਜਾਂ

ਸ੍ਰਿਸਟੀ ਦੀ ਉਤਪਤੀ ਕਿਵੇਂ ਹੋਈ? ਵੈਦਿਕ ਸਾਹਿਤ ਦੇ ਅਧਾਰ ਤੇ ਉੱਤਰ ਦਿਓ।

33. ਜੈਨ ਧਰਮ ਜੀਵ ਬਾਰੇ ਕੀ ਆਖਦਾ ਹੈ?

ਜਾਂ

ਨਿੱਤਨੇਮ ਦੀਆਂ ਬਾਣੀਆਂ ਬਾਰੇ ਸੰਖੇਪ ਜਾਣਕਾਰੀ ਦਿਓ।